# जय हो ज्योति मैया दी

ਜੱਗਦੀ ਏ ਕਮਾਲ, ਜਯੋਤੀ ਮਈਆ ਦੀ ॥
( ਜੈ ਹੋ, ਜਯੋਤੀ ਮਈਆ ਦੀ )
ਜਯੋਤੀ, ਜਿਸ ਦਿਨ ਜੱਗਦੀ,,, ਜੈ ਹੋ।
ਮਾਂ ਦੀ, ਮੂਰਤ ਸੱਜਦੀ,,, ਜੈ ਹੋ ॥
ਸੁੱਧ ਨਾ, ਤਨ ਦੀ ਰਹਿੰਦੀ,,, ਜੈ ਹੋ।
ਹਰ ਇੱਕ, ਏਹ ਗੱਲ ਕਹਿੰਦੀ,,, ਜੈ ਹੋ।
ਹੋ ਜਯੋਤੀ ਮਈਆ ਦੀ,,,
( ਜੈ ਹੋ, ਜਯੋਤੀ ਮਈਆ ਦੀ )
ਜੱਗਦੀ ਏ ਕਮਾਲ, ਜਯੋਤੀ ਮਈਆ ਦੀ ॥
( ਜੈ ਹੋ, ਜਯੋਤੀ ਮਈਆ ਦੀ )

ਅਕਬਰ ਦੇ ਮਨ, ਸ਼ੰਕਾ ਹੋਈ, ਮਾਤਾ ਨੂੰ ਅਜ਼ਮਾਇਆ ॥
ਨੂਰ ਵੇਖ ਕੇ, ਮਾਤਾ ਦਾ ਓਹ, ਨੰਗੇ ਪੈਰੀਂ ਆਇਆ ॥
ਸੋਨੇ ਦਾ, ਛੱਤਰ ਚੜ੍ਹਾਇਆ,,, ਜੈ ਹੋ।
ਓ ਚਰਣੀ, ਸੀਸ ਨਿਵਾਇਆ,,, ਜੈ ਹੋ ॥
ਹੋ ਜਯੋਤੀ ਮਈਆ ਦੀ,,,
( ਜੈ ਹੋ, ਜਯੋਤੀ ਮਈਆ ਦੀ )
ਜੱਗਦੀ ਏ ਕਮਾਲ, ਜਯੋਤੀ ਮਈਆ ਦੀ ॥
( ਜੈ ਹੋ, ਜਯੋਤੀ ਮਈਆ ਦੀ )

ਧਿਆਨੂੰ ਭਗਤ ਨੇ, ਨਾਮ ਧਿਆਇਆ, ਜਾ ਕੇ ਮਾਂ ਦੇ ਦਵਾਰੇ ॥
ਅਸ਼ਟ ਭੁਜੀ ਨੇ, ਦਰਸ਼ ਦਿਖਾਇਆ, ਹੋ ਗਏ ਵਾਰੇ ਨਿਆਰੇ ॥
ਅੰਬੇ ਦੀ, ਸ਼ੇਰ ਸਵਾਰੀ,,, ਜੈ ਹੋ।
ਲੱਗੇ, ਭਗਤਾਂ ਨੂੰ ਪਿਆਰੀ,,, ਜੈ ਹੋ ॥
ਹੋ ਜਯੋਤੀ ਮਈਆ ਦੀ,,,
( ਜੈ ਹੋ, ਜਯੋਤੀ ਮਈਆ ਦੀ )
ਜੱਗਦੀ ਏ ਕਮਾਲ, ਜਯੋਤੀ ਮਈਆ ਦੀ ॥
( ਜੈ ਹੋ, ਜਯੋਤੀ ਮਈਆ ਦੀ )

ਜਿਹੜਾ ਮਾਂ ਦਾ, ਨਾਮ ਧਿਆਵੇ, ਮੰਗੀਆਂ ਮੁਰਾਦਾਂ ਪਾਵੇ ॥
ਭੋਲ਼ੀ ਮਈਆ, ਦੇ ਦਵਾਰੇ ਤੋਂ, ਖ਼ਾਲੀ ਕਦੇ ਨਾ ਜਾਵੇ ॥
ਓ ਮਈਆ, ਦਰਸ਼ ਦਿਖਾਉਂਦੀ,,, ਜੈ ਹੋ।
ਸਭ ਦੇ, ਕਸ਼ਟ ਮਿਟਾਉਂਦੀ,,, ਜੈ ਹੋ ॥
ਹੋ ਜਯੋਤੀ ਮਈਆ ਦੀ,,,
( ਜੈ ਹੋ, ਜਯੋਤੀ ਮਈਆ ਦੀ )
ਜੱਗਦੀ ਏ ਕਮਾਲ, ਜਯੋਤੀ ਮਈਆ ਦੀ ॥॥
( ਜੈ ਹੋ, ਜਯੋਤੀ ਮਈਆ ਦੀ )

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27650/title/jai-ho-jyoti-mayia-di

अपने Android मोबाइल पर BhajanGanga App डाउनलोड करें और भजनों का आनंद ले |